# ਲਾਇਬ੍ਰੇਰੀ ਕੈਟਾਲਾਗ ਦੀ ਵਰਤੋਂ
# ਬਹੁਤ ਸਾਰੀਆਂ ਭਾਸ਼ਾਵਾਂ ਵਿਚ ਸਮਗਰੀ ਨੂੰ ਲੱਭਣ ਲਈ ਕਰੋ

KING COUNTY LIBRARY SYSTEM

**ਕਿੰਗ ਕਾਉਂਟੀ ਲਾਇਬ੍ਰੇਰੀ ਸਿਸਟਿਮ ਕੋਲ** ਆਪਣੀਆਂ ਕਿਤਾਬਾਂ, ਵੀਡੀਓਜ਼, ਸੰਗੀਤ ਅਤੇ ਰਸਾਲੇ ਅੰਗਰੇਜ਼ੀ ਤੋਂ ਇਲਾਵਾ ਵੀਹ ਵੱਖ-ਵੱਖ ਭਾਸ਼ਾਵਾਂ ਵਿਚ ਹਨ। ਤੁਸੀਂ ਸਾਡੀਆਂ ਲਾਇਬ੍ਰੇਰੀਆਂ ਵਿਚ ਸਰਕਾਰੀ ਕੰਪਿਊਟਰਾਂ ਦੀ ਵਰਤੋਂ ਆਪਣੀ ਘਰੇਲੂ ਭਾਸ਼ਾ ਵਿਚ ਸਮਗਰੀਆਂ ਦੀ ਪ੍ਰਾਪਤੀ ਵਾਸਤੇ ਕਰ ਸਕਦੇ ਹੋ। ਇਥੋਂ ਤਕ ਕਿ ਜੇ ਤੁਹਾਡੀ ਸਥਾਨਕ ਲਾਇਬ੍ਰੇਰੀ ਵਿਖੇ ਸਮਗਰੀਆਂ **ਨਹੀ** ਹਨ, ਤਾਂ ਤੁਸੀਂ ਕਿਸੇ ਦੂਜੀ ਕੇ ਸੀ ਐਲ ਐਸ ਲਾਇਬ੍ਰੇਰੀ ਤੋਂ ਜਿਵੇਂ ਹੀ ਉਪਲਬਧ ਹੋਵੇ ਕਾਪੀ ਆਪਣੇ ਵਾਸਤੇ ਆਪਣੀ ਸਥਾਨਕ ਲਾਇਬ੍ਰੇਰੀ ਲਈ ਭੇਜੇ ਜਾਣ ਦੀ ਬੇਨਤੀ ਕਰ ਸਕਦੇ ਹੋ। ਜਦੋਂ ਆਈਟਮ ਤੁਹਾਡੀ ਸਥਾਨਕ ਲਾਇਬ੍ਰੇਰੀ ਵਿਖੇ ਆ ਜਾਵੇਗੀ ਤੁਸੀਂ ਇਕ ਪੋਸਟਕਾਰਡ, ਟੈਲੀਫ਼ੋਨ ਸੁਨੇਹਾ ਜਾਂ ਈਮੇਲ ਨੋਟਿਸ ਪ੍ਰਾਪਤ ਕਰੋਗੇ। ਉਹ ਤੁਹਾਡੇ ਵਾਸਤੇ ਉਸ ਆਈਟਮ ਨੂੰ ਸੱਤ ਦਿਨਾਂ ਤਕ ਆਪਣੇ ਕੋਲ ਰਖਣਗੇ।

ਕਿੰਗ ਕਾਉਂਟੀ ਲਾਇਬ੍ਰੇਰੀ ਸਿਸਟਿਮ ਵਿਚ ਇਨ੍ਹਾਂ ਭਾਸ਼ਾਵਾਂ ਵਿਚ ਸਮਗਰੀਆਂ ਦੀ ਇਕ ਵੰਨ-ਸੁਵੰਨਤਾ ਹੈ :

| | | | |
|---|---|---|---|
| *Arabic* | *Hmong* | *Persian* | *Spanish* |
| *Chinese* | *Japanese* | *Polish* | *Tagalog* |
| *French* | *Khmer* | *Russian* | *Thai* |
| *German* | *Korean* | *Serbo-Croatian* | *Ukrainian* |
| *Hindi* | *Panjabi* | *Somali* | *Vietnamese* |

1

**ਆਪਣੀ ਘਰੇਲੂ ਭਾਸ਼ਾ ਵਿਚ ਸਮਗਰੀਆਂ** ਦੀ ਖੋਜ ਲਈ, ਆਪਣੀ ਸਥਾਨਕ ਲਾਇਬ੍ਰੇਰੀ ਵਿਚ ਇਕ ਸਰਕਾਰੀ ਕੰਪਿਊਟਰ ਉਤੇ ਜਾਓ ਜਿਸ ਉਤੇ **Library Catalog** (ਲਾਇਬ੍ਰੇਰੀ ਕੈਟਾਲਾਗ) ਲੇਬਲ ਲੱਗਾ ਹੋਇਆ ਹੈ।

***ਜੇ ਕਿਸੇ ਵਕਤ ਤੁਸੀਂ ਮਦਦ ਲੋੜਦੇ ਹੋ, ਤਾਂ ਨਿਰਸੰਦੇਹ ਲਾਇਬ੍ਰੇਰੀਅਨ ਦੀ ਮਦਦ ਲਉ।***

2

**ਸਕਰੀਨ ਦੇ ਸਿਖਰ ਉਤੇ ਨੀਲੀ** ਪੱਟੀ ਹੋਵੇਗੀ ਜਿਸ ਉਪਰ **Search** (ਖੋਜ) ਲੇਬਲ ਵਾਲੀ ਟੈਬ ਬਣੀ ਹੋਵੇਗੀ। ਸ਼ਬਦ **Search** (ਖੋਜ/ਤਲਾਸ਼) ਤਹਿਤ ਅਨੇਕ ਵਿਕਲਪ ਹਨ। ਦੂਜੇ ਵਿਕਲਪ **Advanced** (ਅਡਵਾਂਸਡ) ਉਤੇ ਕਲਿਕ ਕਰੋ। ਸਕਰੀਨ ਉਤੇ ਤੁਸੀਂ ਵਿਕਲਪਾਂ ਦੀ ਇਕ ਲੰਮੀ ਸੂਚੀ, ਅਤੇ ਉਨ੍ਹਾਂ ਤੋਂ ਅੱਗੇ ਖ਼ਾਲੀ ਬਾਕਸ ਦੇਖੋਗੇ। **Subject/Summary Words** (ਵਿਸ਼ਾ/ਸਾਰ ਸ਼ਬਦ) ਨੂੰ ਹੇਠਾਂ ਸਕਰੋਲ ਕਰੋ, ਅਤੇ ਭਾਸ਼ਾ ਦਾ ਨਾਂ ਖਾਲੀ ਬਾਕਸ ਵਿਚ ਟਾਈਪ ਕਰੋ ਜਿਵੇਂ ਕਿ ਉਪਰਲੀ ਸੂਚੀ ਵਿਚ ਲਿਖਿਆ ਹੋਇਆ ਹੈ। ਅਤੇ ਸ਼ਬਦ "ਭਾਸ਼ਾ" ਵੀ ਟਾਈਪ ਕਰੋ। (ਉਦਾਹਰਣ : "Panjabi Language")। ਸਮਗਰੀਆਂ ਦੀ ਸੂਚੀ ਪ੍ਰਾਪਤ ਕਰਨ ਲਈ **Enter** (ਐਂਟਰ) ਬਟਨ ਨੂੰ ਦਬਾਓ ਜਾਂ **Go** (ਗੋ) ਬਟਨ ਕਲਿਕ ਕਰੋ।

**ਤੁਸੀਂ ਸਾਰੀਆਂ ਕਿਤਾਬਾਂ,** ਵੀਡੀਓਜ਼, ਸੀਡੀਜ਼, ਡੀ ਵੀ ਡੀਜ਼, ਕੈਸਟਾਂ ਅਤੇ ਰਸਾਲਿਆਂ ਦੀ ਇਕ ਸੂਚੀ ਦੇਖੋਗੇ ਜੋ ਲਾਇਬ੍ਰੇਰੀ ਸਿਸਟਿਮ ਵਿਚ ਉਸ ਭਾਸ਼ਾ ਵਿਚ ਜਾਂ ਉਸ ਭਾਸ਼ਾ ਬਾਰੇ ਉਪਲਬਧ ਹਨ। ਕੁਝ ਭਾਸ਼ਾਵਾਂ ਲਈ ਸੂਚੀ ਬਹੁਤ ਲੰਮੀ ਹੋਵੇਗੀ।

**ਤੁਸੀਂ ਇਸ ਸੂਚੀ ਨੂੰ ਸੀਮਿਤ ਕਰ** ਕੇ ਛੋਟੀ ਬਣਾ ਸਕਦੇ ਹੋ। ਤੁਹਾਡੇ **Search** (ਖੋਜ/ਤਲਾਸ਼) ਸਕਰੀਨ ਦੇ ਉਪਰਲੇ ਸੱਜੇ ਪਾਸੇ ਦੀ ਨੁੱਕਰ ਵਿਚ ਦੋ ਬਾਕਸ ਹਨ ਜੋ ਤੁਹਾਡੀ ਸੂਚੀ ਨੂੰ ਸੀਮਿਤ ਕਰਨਗੇ।

3

**Sort by** (ਛਾਂਟਣਾ) ਬਾਕਸ ਆਇਟਮਾਂ ਨੂੰ ਤਰਤੀਬ ਸਿਰ ਕਰੇਗਾ।

- **Publication date** (ਪ੍ਰਕਾਸ਼ਨ ਮਿਤੀ) ਬਟਨ ਆਇਟਮਾਂ ਨੂੰ ਛਾਂਟ ਕੇ ਨਵੀਆਂ ਨੂੰ ਪਹਿਲਾਂ ਤੇ ਪੁਰਾਣੀਆਂ ਨੂੰ ਅੰਤ ਵਿਚ ਕਰੇਗਾ।
- **Author** (ਲੇਖਕ) ਆਇਟਮਾਂ ਨੂੰ ਲੇਖਕ ਦੇ ਉਪ-ਨਾਂ ਦੇ ਆਧਾਰ 'ਤੇ ਵਰਣਮਾਲਾ ਅਨੁਸਾਰ ਵੱਖ ਵੱਖ ਕਰੇਗਾ।
- **Title** (ਪੁਸਤਕ ਦਾ ਨਾਂ) ਟਾਇਟਲ ਦੁਆਰਾ ਆਇਟਮਾਂ ਨੂੰ ਵਰਣਮਾਲਾ ਅਨੁਸਾਰ ਛਾਂਟੇਗਾ।
- **Call #** (ਕਾਲ) ਨੰਬਰ ਵੀ ਓਸੇ ਗਿਣਤੀ ਜਾਂ ਵਰਣਮਾਲਾ ਅਨੁਸਾਰ ਕਿਤਾਬਾਂ ਨੂੰ ਉਸੇ ਤਰਤੀਬ ਵਿਚ ਛਾਂਟੇਗਾ ਜਿਸ ਤਰਤੀਬ ਵਿਚ ਉਹ ਲਾਇਬ੍ਰੇਰੀ ਦੀਆਂ ਸ਼ੈਲਫ਼ਾਂ 'ਤੇ ਪਈਆਂ ਹਨ।

**Limit by** (ਲਿਮਿਟ ਬਾਇ) ਬਾਕਸ ਤੁਹਾਨੂੰ ਇਕ ਖ਼ਾਸ ਕਿਸਮ ਦੀ ਸਮੱਗਰੀ ਚੁਣਨ ਦੇਵੇਗਾ।

- **Media** (ਮੀਡੀਆ) ਫਾਰਮੈਟ ਦੁਆਰਾ ਚੁਣਨ ਦਿੰਦਾ ਹੈ ਜਿਵੇਂ ਕਿ **Cassettes** (ਕੈਸਟਾਂ) ਜਾਂ **DVDs** (ਡੀ ਵੀ ਡੀਜ਼)।
- **Collection = Easy** (ਸੰਗ੍ਰਹਿ = ਆਸਾਨ) ਛੋਟੇ ਬੱਚਿਆਂ ਜਿਨ੍ਹਾਂ ਦੀ ਉਮਰ 0-8 ਸਾਲ ਤਕ ਹੈ, ਲਈ ਆਇਟਮਾਂ ਦੀ ਚੋਣ ਕਰੇਗਾ।
- **Collection = Junior** (ਸੰਗ੍ਰਹਿ = ਬੱਚਿਆਂ ਵਾਸਤੇ) ਸਕੂਲੀ ਉਮਰ ਦੇ ਬੱਚਿਆਂ ਜਿਨ੍ਹਾਂ ਦੀ ਉਮਰ 8-12 ਸਾਲ ਹੈ, ਲਈ ਆਇਟਮਾਂ ਦੀ ਚੋਣ ਕਰੇਗਾ।
- **Owning Library** (ਓਨਿੰਗ ਲਾਇਬ੍ਰੇਰੀ) ਕਿਸੇ ਇਕ ਵਿਸ਼ੇਸ਼ ਕੇ ਸੀ ਐਲ ਐਸ ਲਾਇਬ੍ਰੇਰੀ ਵਿਚ ਰੱਖੀਆਂ-ਪਈਆਂ ਆਇਟਮਾਂ ਦੀ ਚੋਣ ਕਰੇਗਾ।

4

**ਪਹਿਲੇ ਸਕਰੀਨ ਉਤੇ ਤੁਹਾਨੂੰ 1-25 ਤਕ ਆਇਟਮਾਂ ਨੂੰ ਦਰਸਾਇਆ** ਜਾਵੇਗਾ। ਤੁਹਾਡੀ ਸਥਾਨਕ ਲਾਇਬ੍ਰੇਰੀ ਕੋਲ ਉਹ ਆਇਟਮਾਂ ਹਨ ਜਿਨ੍ਹਾਂ ਦੇ ਨਾਂ ਸ਼ੀਰਸ਼ਕ ਦੇ ਸੱਜੇ ਪਾਸੇ ਤਾਰਾ ਬਣਿਆ ਹੋਇਆ ਹੈ। ਦੂਜੀਆਂ ਸਾਰੀਆਂ ਆਇਟਮਾਂ ਦੂਜੀਆਂ ਕੇ ਸੀ ਐਲ ਐਸ ਲਾਇਬ੍ਰੇਰੀਆਂ ਵਿਖੇ ਹਨ। ਤੁਸੀਂ ਸੂਚੀ ਨੂੰ ਉਤੇ ਜਾਂ ਹੇਠਾਂ ਕਰਨ ਲਈ ਸਕਰੋਲ ਬਾਰ (ਸੂਚੀ ਦੇ ਸੱਜੇ ਪਾਸੇ ਸਲੇਟੀ ਰੰਗ ਦੀ ਪੱਟੀ) ਉਤੇ ਐਰੋ (ਤੀਰ) ਦੀ ਵਰਤੋਂ ਕਰ ਸਕਦੇ ਹੋ। ਪੰਨੇ ਦੇ ਹੇਠਾਂ ਵਿਖੇ, ਅਗਲੇ ਪੰਨਾ ਨੰਬਰ ਉਤੇ ਕਲਿਕ ਕਰਨ ਦੁਆਰਾ ਤੁਸੀਂ ਟਾਇਟਲਾਂ ਦੇ ਅਗਲੇ ਬੈਚ ਨੂੰ ਦੇਖ ਸਕਦੇ ਹੋ



5

6

**ਆਇਟਮ ਦਾ ਨਾਂ ਪਹਿਲਾਂ ਸੂਚੀਬਧ ਕੀਤਾ** ਗਿਆ ਹੈ। ਜੇ ਤੁਸੀਂ ਮਾਊਸ ਐਰੋ ਪੁਸਤਕ ਦੇ ਨਾਂ ਉਤੇ ਲਿਆਉਂਦੇ ਹੋ, ਤਾਂ ਇਕ ਲਾਈਨ ਇਸ ਦੇ ਹੇਠਾਂ ਨਜ਼ਰ ਆਵੇਗੀ। ਆਇਟਮ ਬਾਰੇ ਵਧੇਰੇ ਜਾਣਕਾਰੀ ਦੇਖਣ ਲਈ ਪੁਸਤਕ ਦੇ ਨਾਂ ਉਤੇ ਕਲਿਕ ਕਰੋ।

- ਪੰਨੇ ਦਾ ਚਿੱਟਾ ਹਿੱਸਾ ਅਇਟਮ ਬਾਰੇ ਸਾਧਾਰਣ ਜਾਣਕਾਰੀ ਦਿੰਦਾ ਹੈ।
- ਹੇਠਾਂ ਵਿਖੇ ਤੁਸੀਂ ਇਕ ਨੀਲੀ ਪੱਟੀ **Copy/Holding Information** (ਕਾਪੀ/ਹੋਲਡਿੰਗ ਸੂਚਨਾ) ਸ਼ਬਦਾਂ ਨਾਲ ਦੇਖੋਗੇ। ਇਹ ਆਇਟਮ ਦੀਆਂ ਸਾਰੀਆਂ ਕਾਪੀਆਂ ਦੇ ਸਥਾਨ ਨੂੰ ਦਰਸਾਉਂਦਾ ਹੈ। ਜੇ **Status** (ਸਟੇਟਸ) ਕਾਲਮ ਕਹਿੰਦਾ ਹੈ ਕਿ ਤੁਹਾਡੀ ਸਥਾਨਕ ਲਾਇਬ੍ਰੇਰੀ ਵਿਖੇ ਕਿਤਾਬ **checked in** (ਕਿਤਾਬ ਲਾਇਬ੍ਰੇਰੀ ਵਿਚ ਵਾਪਿਸ ਆ ਗਈ ਹੈ) ਭਾਵ ਕਿਤਾਬ ਚੈੱਕ ਕਰ ਲਈ ਗਈ ਹੈ, ਤਾਂ ਤੁਸੀਂ ਇਸ ਨੂੰ ਹਾਸਿਲ ਕਰਨ ਲਈ ਸ਼ੈੱਲਫ਼ 'ਤੇ ਜਾ ਸਕਦੇ ਹੋ। ਲਾਇਬ੍ਰੇਰੀ ਸਟਾਫ਼ ਤੁਹਾਡੀ ਆਇਟਮ ਤੁਹਾਡੇ ਲਈ ਲੱਭਣ ਵਿਚ ਮਦਦ ਕਰ ਕੇ ਖ਼ੁਸ਼ ਹੋਵੇਗਾ।
- **Location** (ਸਥਾਨ/ਸਥਿਤੀ) ਜੇ ਕਾਲਮ ਦਰਸਾਉਂਦਾ ਹੈ ਕਿ ਤੁਹਾਡੀ ਸਥਾਨਕ ਲਾਇਬ੍ਰੇਰੀ ਕੋਲ ਕਾਪੀ ਨਹੀਂ ਹੈ, ਤਾਂ ਤੁਸੀਂ ਨੀਲੀ ਪੱਟੀ ਤੋਂ ਥੋੜ੍ਹਾ ਜਿਹਾ ਉਤੇ ਬਟਨ **Request Item** (ਬੇਨਤੀ ਕੀਤੀ ਗਈ ਪੁਸਤਕ) ਉਤੇ ਕਲਿਕ ਕਰ ਕੇ ਇਕ ਕਾਪੀ ਵਾਸਤੇ ਬੇਨਤੀ ਕਰ ਸਕਦੇ ਹੋ।
  - **User ID** (ਯੂਜ਼ਅਰ ਸ਼ਨਾਖ਼ਤ/ਪਛਾਣ) ਤੁਹਾਡੀ ਲਾਇਬ੍ਰੇਰੀ ਕਾਰਡ ਦਾ ਬਾਰਕੋਡ ਨੰਬਰ ਹੈ।
  - **Pin** (ਪਿਨ) ਤੁਹਾਡਾ ਨਿੱਜੀ ਸ਼ਨਾਖ਼ਤੀ ਨੰਬਰ ਹੈ, ਜੋ ਆਮ ਤੌਰ ਤੇ ਤੁਹਾਡੇ ਫ਼ੋਨ ਨੰਬਰ ਦੇ ਆਖ਼ਰੀ ਚਾਰ ਅੰਕਾਂ ਦਾ ਹੁੰਦਾ ਹੈ।
  - ਹੁਣ ਤੁਸੀਂ **Login** (ਲੌਗਿਨ) ਲੇਬਲ ਲੱਗੇ ਬਟਨ ਉਤੇ ਕਲਿਕ ਕਰੋ।
- ਹੁਣ ਤੁਸੀਂ ਇਕ **Request Confirmation** (ਬੇਨਤੀ ਕਨਫ਼ਰਮੇਸ਼ਨ) ਸਕਰੀਨ ਦੇਖੋਗੇ। ਤੁਹਾਨੂੰ ਚੋਣ ਕਰਨ ਲਈ ਵੀ ਪੁੱਛਿਆ ਜਾਵੇਗਾ ਕਿ ਤੁਸੀਂ ਆਇਟਮ ਕਿਥੋਂ ਲਵੋਗੇ। **Select a location to pick up the material** (ਸਮਗਰੀ ਹਾਸਲ ਕਰਨ ਲਈ ਸਥਾਨ ਦੀ ਚੋਣ) ਸ਼ਬਦਾਂ ਦੇ ਸੱਜੇ ਪਾਸੇ ਇਕ ਬਾਕਸ ਹੈ ਜਿਸ ਅੰਦਰ ਸਾਰੀਆਂ ਕੇ ਸੀ ਐਲ ਐਸ ਲਾਇਬ੍ਰੇਰੀਆਂ ਸੂਚੀਬੱਧ ਹਨ। ਤੁਹਾਡੀ ਸਥਾਨਕ ਲਾਇਬ੍ਰੇਰੀ ਸੂਚੀ ਸ਼ਿਖ਼ਰ ਉਤੇ ਹੋਣੀ ਚਾਹੀਦੀ ਹੈ। ਜੇ ਤੁਸੀਂ ਇਕ ਵੱਖਰੀ ਲਾਇਬ੍ਰੇਰੀ ਚੁਣਨੀ ਚਾਹੁੰਦੇ ਹੋ, ਤਾਂ ਐਰੋ (ਤੀਰ) ਉਤੇ ਕਲਿਕ ਕਰ ਕੇ ਸਮੁੱਚੀ-ਸੂਚੀ ਦੇਖੋ। ਇਸ ਉਤੇ ਕਲਿਕ ਕਰਕੇ ਆਪਣੀ ਮਰਜ਼ੀ ਦੀ ਲਾਇਬ੍ਰੇਰੀ ਚੁਣੋ, ਅਤੇ ਫਿਰ **Request** (ਬੇਨਤੀ) ਬਟਨ ਉਤੇ ਕਲਿਕ ਕਰੋ। ਕਾਪੀ ਜਦੋਂ ਵੀ ਉਪਲਬਧ ਹੋਵੇਗੀ ਉਸ ਲਾਇਬ੍ਰੇਰੀ ਨੂੰ ਭੇਜ ਦਿਤੀ ਜਾਵੇਗੀ ਅਤੇ ਤੁਹਾਡੇ ਲਈ ਰੱਖ ਲਈ ਜਾਵੇਗੀ। ਜਦੋਂ ਆਇਟਮ ਉਪਲਬਧ ਹੋਈ ਉਦੋਂ ਤੁਹਾਨੂੰ ਪੋਸਟਕਾਰਡ, ਟੈਲੀਫ਼ੋਨ ਜਾਂ ਈਮੇਲ ਨੋਟਿਸ ਮਿਲੇਗਾ। ਉਹ ਤੁਹਾਡੇ ਲਈ ਆਇਟਮ ਨੂੰ ਸੱਤ ਦਿਨਾਂ ਤਕ ਆਪਣੇ ਕੋਲ ਰਖਣਗੇ।

ਜੇ ਤੁਸੀਂ ਆਪਣੇ ਘਰ ਤੋਂ ਕਿੰਗ ਕਾਊਂਟੀ ਲਾਇਬ੍ਰੇਰੀ ਸਿਸਟਿਮ ਲੱਭ ਰਹੇ ਹੋ, ਤਾਂ ਤੁਸੀਂ **www.kcls.org** ਉਤੇ ਪਧਾਰੋ ਅਤੇ **Library Catalog** (ਲਾਇਬ੍ਰੇਰੀ ਕੈਟਾਲਾਗ) ਵਾਲੇ ਬਟਨ ਉਤੇ ਕਲਿਕ ਕਰੋ। ਫਿਰ, ਉਨ੍ਹਾਂ ਹਿਦਾਇਤਾਂ ਉਤੇ ਚੱਲੋ ਜਿਨ੍ਹਾਂ ਦਾ ਉਪਰ ਸੰਖੇਪ ਵਰਨਣ ਕੀਤਾ ਗਿਆ ਹੈ।

(ਕੇ ਸੀ ਐਲ ਐਸ) ਕੰਪਿਊਟਰ ਕੈਟਾਲਾਗ ਨੂੰ ਲਾਇਬ੍ਰੇਰੀ ਦੀ ਹਰ ਇਕ ਚੀਜ਼ ਦਾ ਪਤਾ ਲਾਉਣ ਲਈ ਵਰਤਿਆ ਜਾ ਸਕਦਾ ਹੈ। ਇਹ ਹਿਦਾਇਤਾਂ ਸਿਰਫ਼ ਵਿਆਖਿਆ ਹਨ ਕਿ ਤੁਹਾਡੀ ਘਰੇਲੂ ਭਾਸ਼ਾ ਵਿਚ ਸਾਮੱਗਰੀਆਂ ਦੀ ਇਕ ਸੂਚੀ ਕਿਵੇਂ ਖੋਜਣੀ ਹੈ। ਤੁਸੀਂ ਵਿਸ਼ੇਸ਼ ਟਾਇਟਲਾਂ, ਲੇਖਕਾਂ ਜਾਂ ਵਿਸ਼ਿਆਂ ਦੀ ਲੱਭਤ ਲਈ ਦੂਜੇ ਤਰੀਕੇ ਵਰਤੋਂ ਵਿਚ ਲਿਆਉਣ ਲਈ ਲੋੜੋਗੇ। ਕੈਟਾਲਾਗ ਵਿਚ ਸਮਗਰੀ ਨੂੰ ਵੱਖ-ਵੱਖ ਢੰਗ ਨਾਲ ਲੱਭਣ ਦੀ ਕੋਸ਼ਸ਼ ਕਰੋ। ਲਾਇਬ੍ਰੇਰੀ ਵਿਖੇ ਕੰਪਿਊਟਰ ਕਲਾਸ ਵਿਚ ਦਾਖ਼ਲਾ ਲਓ/ਸ਼ਾਮਲ ਹੋਵੋ। ਬਹੁਤੀਆਂ ਲਾਇਬ੍ਰੇਰੀਆਂ ਘੱਟੋ-ਘੱਟ ਮਹੀਨੇ ਵਿਚ ਇਕ ਵਾਰ ਕਲਾਸਾਂ ਦੀ ਪੇਸ਼ਕਸ਼ ਕਰਦੀਆਂ ਹਨ, ਅਤੇ ਕੁਝ ਲਾਇਬ੍ਰੇਰੀਆਂ ਅੰਗਰੇਜ਼ੀ ਦੀ ਬਜਾਇ ਹੋਰ ਭਾਸ਼ਾਵਾਂ ਵਿਚ ਕਲਾਸਾਂ ਲੈਂਦੀਆਂ ਹਨ।

ਯਾਦ ਰੱਖੋ, ਜੇ ਤੁਹਾਨੂੰ ਕਦੀ ਲਾਇਬ੍ਰੇਰੀ ਕੈਟਾਲਾਗ ਵਰਤਦਿਆਂ ਜਾਂ ਜੋ ਤੁਸੀਂ ਲੱਭਦੇ ਹੋ ਉਸ ਵਿਚ ਮੁਸ਼ਕਿਲ ਆਉਂਦੀ ਹੈ, ਤਾਂ **ਕ੍ਰਿਪਾ ਕਰਕੇ ਲਾਇਬ੍ਰੇਰੀ ਸਟਾਫ਼ ਕੋਲੋਂ ਮਦਦ ਮੰਗੋ** ਲਾਇਬ੍ਰੇਰੀ ਅਮਲੇ ਨੂੰ ਆਪਣੀ ਮਦਦ ਲਈ ਆਖੋ। ਉਹ ਚਹੁੰਦੇ ਹਨ ਕਿ ਲਾਇਬ੍ਰੇਰੀ ਵਿਚ ਤੁਹਾਡਾ ਆਉਣ ਸਫ਼ਲ ਅਤੇ ਅਨੰਦਮਈ ਹੋਵੇ।

www.kcls.org